This question paper contains 3 printed pages]

*Your Roll No.*...............

**5609**

**B.A. (PROGRAMME)/II/III A-I**

PUNJABI LANGUAGE (C)—Paper II

*Time* : 3 *Hours* *Maximum Marks* : 100

(*Write your Roll No. on the top immediately on receipt of this question paper.*)

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠਾਂ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਉਸਦੇ ਹੇਠਾਂ ਦਿਤੇ ਪ੍ਰਸ਼ਨਾਂ ਦੇ ਉੱਤਰ ਦਿਉ :

"ਹਸਣਾ, ਖੇਡਣਾ ਤੇ ਮਨ ਪ੍ਰਚਾਵਾ ਵੀ ਬੰਦੇ ਲਈ ਉਨਾਂ ਹੀ ਲੋੜੀਂਦਾ ਹੈ ਜਿਨਾ ਜੀਉਂਦੇ ਰਹਿਣ ਲਈ ਚੰਗੀ ਖ਼ੁਰਾਕ ਦਾ ਖਾਣਾ । ਮਨ ਪਰਚਾਉਣ ਦੂਜਿਆਂ ਨੂੰ ਹਸਾਉਣ ਦੇ ਮੌਕੇ ਕੱਢ ਲੈਣੇ ਜੀਵਨ ਨੂੰ ਅਸਲੀ ਅਰਥਾਂ ਵਿਚ ਜੀਵਣਾ ਹੈ । ਰੋਦੂੰ ਤੇ ਸੜਿਅਲ ਆਦਮੀ ਨੂੰ ਲੋਕ ਮਨਹੂਸ ਸਮਝਦੇ ਹਨ । ਕੋਈ ਵੀ ਅਜਿਹੇ ਆਦਮੀਆਂ ਨਾਲ ਵਰਤੋਂ ਵਿਹਾਰ ਤਾਂ ਕੀ ਪੌਣਾ, ਗਲਬਾਤ ਕਰਨੀ ਵੀ ਬੁਰੀ ਸਮਝਦਾ ਹੈ । ਇੰਜ ਜਾਪਦਾ ਹੈ ਕਿ ਰੋਂਦੂ ਆਦਮੀਆਂ ਨਾਲੋਂ ਖ਼ੁਸ਼ ਤਬੀਅਤ ਆਦਮੀ ਬਹੁਤ ਹਨ, ਕਿਉਂਕਿ ਜੇ ਅਜਿਹਾ ਨਾ ਹੁੰਦਾ ਤਾਂ ਪੰਜਾਬ ਦੇ ਰੂਹ ਤੜ੍ਹਫਾ ਦੇਣ ਵਾਲੇ ਮੇਲੇ ਜ਼ਿੰਦਗੀ ਵਿਚ ਇੰਨੀ ਮਹੱਤਤਾ ਨਾ ਰਖਦੇ ਜਿੰਨੀ ਹੁਣ ਰਖਦੇ ਹਨ ।"

ਪ੍ਰਸ਼ਨ :

(ੳ) ਜ਼ਿੰਦਗੀ ਵਿਚ ਮਨ-ਪ੍ਰਚਾਵਾ ਤੇ ਹਸਣਾ-ਖੇਡਣਾ ਕਿੰਨਾ ਕੁ ਜ਼ਰੂਰੀ ਹੈ ?

(ਅ) ਜੀਵਨ ਨੂੰ ਅਸਲੀ ਅਰਥਾਂ ਵਿਚ ਜਿਉਣ ਲਈ ਕਿਸ ਗੱਲ ਦੀ ਬਹੁਤੀ ਲੋੜ ਹੈ ?

(ੲ) ਰੋਂਦੂ ਆਦਮੀ ਨੂੰ ਆਮ ਲੋਕ ਕਿਹੋ ਜਿਹਾ ਸਮਝਦੇ ਹਨ ?

(ਸ) ਸਾਨੂੰ ਕਿਥੋਂ ਪਤਾ ਲੱਗਦਾ ਹੈ ਕਿ ਦੁਨੀਆਂ ਵਿਚ ਰੋਂਦੂ ਆਦਮੀਆਂ ਨਾਲੋਂ ਖੁਸ਼-ਤਬੀਅਤ ਆਦਮੀ ਬਹੁਤੇ ਹਨ ? 10

2. ਸਿਖਿਆ ਵਿਭਾਗ ਦੇ ਡਾਇਰੈਕਟਰ ਨੂੰ 'ਅਧਿਆਪਕ' ਦੀ ਆਸਾਮੀ ਲਈ ਬਿਨੈ-ਪੱਤਰ ਲਿਖੋ ।

ਜਾਂ

ਆਪਣੀ ਸਹੇਲੀ/ਮਿੱਤਰ ਨੂੰ ਆਪਣੇ ਭਰਾ ਦੇ ਵਿਆਹ ਤੇ ਸੱਦਾ-ਪੱਤਰ ਭੇਜੋ । 15

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਉਪਰ ਪੈਰਾ ਲਿਖੋ :

(*i*) ਅੱਖੀਂ ਵੇਖੀ ਦੁਰਘਟਨਾ ।

(*ii*) ਮੈਟਰੋ ਰੇਲ-ਯਾਤਰਾ । 15

4. (*i*) ਹੇਠ ਲਿਖੇ ਵਾਕਾਂ ਵਿਚੋਂ ਵਿਸ਼ਮਿਕ ਚੁਣ ਕੇ ਉਹਨਾਂ ਦੇ ਭੇਦ ਦਸੋ : 10

| ਵਾਕ | ਵਿਸਮਿਕ | ਭੇਦ |
|---|---|---|
| (ੳ) ਖ਼ਬਰਦਾਰ ! ਜੇ ਮੁੜ ਕੇ ਇਧਰ ਆਇਆ............................ | | |
| (ਅ) ਹਾਇ ! ਮੈਂ ਕਿਧਰ ਜਾਵਾਂ ? .......................................... | | |
| (ੲ) ਵਾਹ ! ਲੜਕੀ ਤਾਂ ਅਤਿ ਖ਼ੂਬਸੂਰਤ ਹੈ । ........................... | | |
| (ਸ) ਠਹਿਰ ਜ਼ਰਾ ! ਮੈਂ ਤੈਨੂੰ ਮਜ਼ਾ ਚਖਾਵਾਂ । ...................... | | |
| (ਹ) ਕਾਸ਼ ! ਮੈਂ ਮਾਂ ਕੋਲ ਹੁੰਦਾ । ......................................... | | |

(*ii*) ਯੋਜਕ ਅਤੇ ਸੰਬੰਧਕ ਵਿਚਲਾ ਅੰਤਰ ਸਪੱਸ਼ਟ ਕਰੋ । 10

5. ਹੇਠ ਲਿਖੇ ਭਾਵਾਂ ਨਾਲ ਸੰਬੰਧਿਤ ਇਕ-ਇਕ ਸ਼ਬਦ ਲਿਖੋ :

(ੳ) ਸਵੀਕਾਰ ਕਰਨਾ ।

(ਅ) ਮੁਆਫ਼ੀ ਮੰਗਣਾ ।

(ੲ) ਨਿਗਾਹ-ਇ-ਕਰਮ ।

(ਸ) ਧੰਨਵਾਦ ਕਰਨਾ ।

(ਹ) ਇਨਕਾਰ ਕਰਨਾ । 5

6. (*i*) ਕੋਈ ਪੰਜ ਅੰਗਰੇਜ਼ੀ ਸ਼ਬਦ ਲਿਖੋ ਜਿਹਨਾਂ ਦੀ ਵਰਤੋਂ ਪੰਜਾਬੀ ਵਿਚ ਆਮ ਕੀਤੀ ਜਾਂਦੀ ਹੈ । 5

(*ii*) ਮੂਲ ਸ਼ਬਦ ਤੇ ਰਚਿਤ ਸ਼ਬਦ ਦਾ ਅੰਤਰ ਉਦਾਹਰਣਾਂ ਦੇ ਕੇ ਸਮਝਾਉ । 10

(*iii*) ਹੇਠਾਂ ਲਿਖੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ :

(ੳ) ਨਾਵਲ ਲਿਖਣ ਵਾਲਾ ।

(ਅ) ਸੋਨਾ ਘੜ੍ਹਣ ਵਾਲਾ ।

(ੲ) ਮਾਸ ਨਾ ਖਾਉਣ ਵਾਲਾ ।

(ਸ) ਪੁੱਤਰ ਜਾਂ ਧੀ ਦਾ ਸਹੁਰਾ ।

(ਹ) ਜਿਹੜਾ ਆਦਮੀ ਜੂਆ ਖੇਡਦਾ ਹੋਵੇ । 5

7. ਹੇਠਾਂ ਲਿਖੇ ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ :

Academy, Belief, Concept, Dialogue, Grammar, Literature, Lungs, Poem, Tradition, Nature, Story, Knowledge, Positive, Noun, Logic. 15